ਐਕਸੈਸ ਕੋਡ: XXXX XXXX XXXX

ਮਾਰਚ 2024

# ਡਾਇਬੀਟੀਜ਼ ਦੀ ਦੇਖਭਾਲ ਵਿੱਚ ਸੁਧਾਰ ਕਰਨ ਵਿੱਚ NHS ਦੀ ਮਦਦ ਕਰੋ

ਅਸੀਂ ਤੁਹਾਨੂੰ ਰਾਸ਼ਟਰੀ ਡਾਇਬੀਟੀਜ਼ ਅਨੁਭਵ ਸਰਵੇਖਣ ਵਿੱਚ ਹਿੱਸਾ ਲੈਣ ਲਈ ਕਹਿ ਰਹੇ ਹਾਂ। Ipsos NHS ਇੰਗਲੈਂਡ ਦੀ ਤਰਫੋਂ ਇਹ ਸਰਵੇਖਣ ਕਰ ਰਿਹਾ ਹੈ।

## ਡਾਇਬੀਟੀਜ਼ ਨਾਲ ਰਹਿਣ ਦੇ ਆਪਣੇ ਅਨੁਭਵ ਨੂੰ ਸਾਂਝਾ ਕਰੋ

ਇਹ ਸਰਵੇਖਣ ਡਾਇਬੀਟੀਜ਼ ਨਾਲ ਰਹਿਣ ਦੇ ਤੁਹਾਡੇ ਤਜ਼ਰਬੇ ਅਤੇ NHS ਸੇਵਾਵਾਂ ਤੋਂ ਤੁਹਾਨੂੰ ਪ੍ਰਾਪਤ ਹੋਈ ਦੇਖਭਾਲ ਬਾਰੇ ਪੁੱਛਦਾ ਹੈ। ਇਹ ਮਹੱਤਵਪੂਰਨ ਰਾਸ਼ਟਰੀ ਸਰਵੇਖਣ ਉਨ੍ਹਾਂ ਲੋਕਾਂ ਦੀ ਮਦਦ ਨਾਲ ਤਿਆਰ ਕੀਤਾ ਗਿਆ ਹੈ ਜੋ ਡਾਇਬੀਟੀਜ਼ ਨਾਲ ਜੀ ਰਹੇ ਹਨ। NHS ਤੁਹਾਡੇ ਜਵਾਬਾਂ ਦੀ ਵਰਤੋਂ ਤੁਹਾਡੇ ਵਰਗੇ ਲੋਕਾਂ ਦੀ ਦੇਖਭਾਲ ਅਤੇ ਸਹਾਇਤਾ ਨੂੰ ਬਿਹਤਰ ਬਣਾਉਣ ਲਈ ਕਰੇਗਾ।

## ਦੋ ਆਸਾਨ ਕਦਮਾਂ ਵਿੱਚ ਆਨਲਾਈਨ ਹਿੱਸਾ ਲਓ



1. **www.diabetessurvey.co.uk/login** 'ਤੇ ਜਾਓ
2. ਭਾਗ ਲੈਣ ਲਈ ਕੋਡ **xxxx xxxx xxxx** ਦਰਜ ਕਰੋ

ਜਾਂ ਤੁਸੀਂ ਆਪਣੇ ਸਮਾਰਟਫੋਨ ਜਾਂ ਕਿਸੇ ਹੋਰ ਡਿਵਾਈਸ 'ਤੇ ਕੈਮਰੇ ਦੀ ਵਰਤੋਂ ਕਰਕੇ ਉੱਪਰ ਦਿੱਤੇ QR ਕੋਡ ਨੂੰ ਸਕੈਨ ਕਰ ਸਕਦੇ ਹੋ।

**ਸਰਵੇਖਣ ਵਿੱਚ ਹਿੱਸਾ ਲੈਣ ਲਈ ਸਿਰਫ਼ 15 ਮਿੰਟ ਲੱਗਣੇ ਚਾਹੀਦੇ ਹਨ।**

**ਤੁਸੀਂ ਜਲਦੀ ਤੋਂ ਜਲਦੀ ਹਿੱਸਾ ਲੈ ਕੇ NHS ਦਾ ਪੈਸਾ ਬਚਾਉਣ ਵਿੱਚ ਮਦਦ ਕਰ ਸਕਦੇ ਹੋ।** ਇਸ ਤਰ੍ਹਾਂ ਸਾਨੂੰ ਤੁਹਾਨੂੰ ਕੋਈ ਰਿਮਾਈਂਡਰ ਭੇਜਣ ਦੀ ਲੋੜ ਨਹੀਂ ਹੋਵੇਗੀ।

## ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ

ਤੁਹਾਡੀ ਦੇਖਭਾਲ ਵਿੱਚ ਸ਼ਾਮਿਲ ਕਿਸੇ ਵੀ ਵਿਅਕਤੀ ਨੂੰ ਇਹ ਨਹੀਂ ਪਤਾ ਹੋਵੇਗਾ ਕਿ ਤੁਸੀਂ ਸਰਵੇਖਣ ਵਿੱਚ ਹਿੱਸਾ ਲਿਆ ਹੈ ਜਾਂ ਨਹੀਂ। ਅਗਲੇ ਪੰਨੇ 'ਤੇ ਅਤੇ ਸਾਡੀ ਵੈੱਬਸਾਈਟ **www.diabetessurvey.co.uk** 'ਤੇ ਸਰਵੇਖਣ ਅਤੇ ਗੁਪਤਤਾ ਬਾਰੇ ਹੋਰ ਜਾਣਕਾਰੀ ਹੈ।. ਜੇਕਰ ਤੁਹਾਡੇ ਕੋਈ ਸਵਾਲ ਹਨ, ਜਾਂ ਸਰਵੇਖਣ ਵਿੱਚ ਹਿੱਸਾ ਲੈਣ ਵਿੱਚ ਮਦਦ ਦੀ ਲੋੜ ਹੈ, **ਤਾਂ ਫ੍ਰੀਫੋਨ 0800 470 2989** (ਸੋਮਵਾਰ ਤੋਂ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ) 'ਤੇ Ipsos ਨੂੰ ਫ਼ੋਨ ਕਰੋ।

NHS ਦੀ ਡਾਇਬੀਟੀਜ਼ ਦੇਖਭਾਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਆਪਣਾ ਸਮਾਂ ਦੇਣ ਲਈ ਤੁਹਾਡਾ ਬਹੁਤ ਧੰਨਵਾਦ।

ਤੁਹਾਡਾ ਸ਼ੁੱਭਚਿੰਤਕ

Dr Sophie Harris
ਡਾਇਬੀਟੀਜ਼ ਵਿੱਚ ਕਲੀਨਿਕਲ ਲੀਡ ਅਤੇ NHS ਸਲਾਹਕਾਰ
ਰਾਸ਼ਟਰੀ ਡਾਇਬੀਟੀਜ਼ ਅਨੁਭਵ ਸਰਵੇਖਣ ਟੀਮ